This question paper contains 3 printed pages]

*Your Roll No.*................

**476 (A)**

**B.A. (PROGRAMME)/I** **B**

**(T)**

PUNJABI DISCIPLINE—Paper I

**(Compulsory)**

(Essay, Novel and Functional Punjabi etc.)

(Admissions of 2004/2006 and after in respect of the students of regular colleges/NCWEB)

*Time* : 3 *Hours* *Maximum Marks* : 75

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immediately on receipt of this question paper.)*

ਨੋਟ :– ਸਾਰੇ ਸਵਾਲ ਕਰਨੇ ਲਾਜ਼ਮੀ ਹਨ ।

1. ਹੇਠ ਦਿੱਤੇ ਗਏ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਪੈਰ੍ਹਾ ਰਚਨਾ ਕਰੋ :

   (*i*) ਮੇਰਾ ਮਨਭਾਉਂਦਾ ਲੇਖਕ;

   (*ii*) ਮਨ ਜੀਤੈ ਜਗੁ ਜੀਤੁ;

   (*iii*) ਵਧਦੀ ਫੈਸ਼ਨ ਪ੍ਰਸਤੀ;

   (*iv*) ਮੀਡੀਆ ਦੀ ਭੂਮਿਕਾ ਤੇ ਮਨੁੱਖੀ ਹਸਤੀ;

   (*v*) ਮੇਰਾ ਜੀਵਨ ਉਦੇਸ਼ । 10

2. ਪਵਿੱਤਰ ਪਾਪੀ ਨਾਵਲ ਦੀ ਮੁੱਖ ਸਮੱਸਿਆ ਸਮਾਜਕ ਹੈ, ਲੇਖਕ ਦੇ ਵਿਚਾਰਾਂ ਨਾਲ ਤੁਸੀਂ ਕਿਥੋਂ ਤੀਕ ਸਹਿਮਤ ਹੋ ? ਚਰਚਾ ਕਰੋ ।

ਜਾਂ

ਪਵਿੱਤਰ ਪਾਪੀ ਨਾਵਲ ਵਿਚਲੇ ਮੁਖ ਪਾਤਰਾਂ ਦੀ ਭੂਮਿਕਾ ਬਾਰੇ ਵਿਚਾਰ ਕਰੋ । 15

3. ਹੇਠਾਂ ਦਿੱਤੇ ਨਿਬੰਧਾਂ ਵਿਚੋਂ ਕਿਸੇ ਇਕ ਦੀ ਸਾਹਿਤਕ ਅਲੋਚਨਾ ਕਰੋ :

ਵੈਦਿਕ ਤੇ ਅਵੈਦਿਕ ਵਿਚਾਰਧਾਰਾ, ਸਿਖਿਆ ਤੇ ਸਮਾਜ, ਸੰਗੀਤ, ਸਦਾਚਾਰ ਦੇ ਮਤ । 15

4. ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਹੇਠਾਂ ਦਰਜ ਕੀਤੇ ਸਵਾਲਾਂ ਦੇ ਉੱਤਰ ਦਿਉ : 10

"ਗੁਰੂ ਗੋਬਿੰਦ ਸਿੰਘ ਮਨੁੱਖ ਮਾਤਰ ਦੀ ਏਕਤਾ ਵਿਚ ਵਿਸ਼ਵਾਸ ਰੱਖਦੇ ਸਨ । ਆਪਦੀ ਲੜਾਈ 'ਜ਼ੁਲਮ' ਤੇ 'ਜਾਬਰ' ਵਿਰੁੱਧ ਸੀ । ਇਹੀ ਕਾਰਣ ਹੈ ਕਿ ਹਰ ਫਿਰਕੇ ਦੇ ਯੋਧੇ ਆਪਦੀ ਸੈਨਾ ਵਿਚ ਫੌਜੀ ਅਫਸਰ ਦੀ ਪਦਵੀ ਪ੍ਰਾਪਤ ਕਰਕੇ ਜ਼ੁਲਮ ਦਾ ਟਾਕਰਾ ਕਰਨ ਵਿਚ ਫਖ਼ਰ ਮਹਿਸੂਸ ਕਰਦੇ ਸਨ । ਪੀਰ ਬੁੱਧੂ ਸ਼ਾਹ ਦਾ ਆਪ ਜੀ ਦੀ ਸੈਨਾ ਵਿਚ ਸ਼ਾਮਲ ਹੋਣਾ ਇਕ ਪ੍ਰਤੱਖ ਪ੍ਰਮਾਣ ਹੈ । ਬਹੁਤ ਸਾਰੇ ਹਿੰਦੂ ਕਵੀਆਂ ਦੀ ਸਰਪ੍ਰਸਤੀ ਵੀ ਆਪ ਨੇ ਕੀਤੀ । ਆਪ ਦਾ ਸਾਰਾ ਜੀਵਨ ਹੀ ਜੰਗਾਂ-ਯੁੱਧਾਂ ਦੀ ਜਦੋਜਹਿਦ ਵਿਚ ਲੰਘਿਆ । ਪਹਾੜੀ ਰਾਜਿਆਂ ਅਤੇ ਮੁਗ਼ਲ ਬਾਦਸ਼ਾਹ ਨਾਲ ਆਪ ਨੇ ਲੋਹਾ ਲਿਆ । ਮੁੱਠੀ ਭਰ ਖ਼ਾਲਸਾ ਫੌਜ ਵਿਚ ਆਪ ਨੇ ਅਜਿਹੀ ਭਾਵਨਾ ਪੈਦਾ ਕੀਤੀ, ਜੋ ਕਿ ਵੈਰੀਆਂ ਦੀ ਲੱਖਾਂ ਦੀ ਗਿਣਤੀ ਦੇ ਦਲਾਂ ਤੇ ਭਾਰੂ ਸਾਬਤ ਹੋਈ ।"

(ੳ) ਗੁਰੂ ਗੋਬਿੰਦ ਸਿੰਘ ਜੀ ਦੀ ਲੜਾਈ ਕਿਸ ਗੱਲ ਦੇ ਖਿਲਾਫ ਸੀ ?

(ਅ) ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਧਰਮਾਂ ਨੂੰ ਪਿਆਰਨ ਦਾ ਵੱਡਾ ਸਬੂਤ ਕੀ ਹੈ ?

(ੲ) ਗੁਰੂ ਜੀ ਦਾ ਜੀਵਨ ਕਿਵੇਂ ਬੀਤਿਆ ?

(ਸ) ਲਕੀਰੇ ਸ਼ਬਦਾਂ ਦੇ ਅਰਥ ਦੱਸੋ ।

5. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦਾ ਉੱਤਰ ਦਿਉ :

(*i*) ਵਿਆਕਰਣ ਦੀਆਂ ਮੂਲ ਇਕਾਈਆਂ ਕਿਹੜੀਆਂ ਹਨ ?

(*ii*) ਨਾਂਵ ਕਿੰਨੀ ਪ੍ਰਕਾਰ ਦੇ ਹਨ ? ਉਦਾਹਰਨਾ ਸਹਿਤ ਚਰਚਾ ਕਰੋ ।

(*iii*) ਸ਼ਬਦ ਰਚਨਾ ਦੇ ਨੇਮਾਂ ਬਾਰੇ ਜਾਣਕਾਰੀ ਦਿਉ ਤੇ ਦੱਸੋ ਕਿ ਸ਼ਬਦ ਭੰਡਾਰ ਅੰਦਰ ਸ਼ਬਦ ਕਿੰਨੀ ਤਰ੍ਹਾਂ ਦੇ ਹਨ ?

(*iv*) ਵਾਕ ਰਚਨਾ ਅੰਦਰ ਵਾਕ ਕਿੰਨੀ ਕਿਸਮ ਦੇ ਹਨ ?

(*v*) ਮੂਲ ਤੇ ਰਚਿਤ ਸ਼ਬਦ ਵਿਚ ਕੀ ਅੰਤਰ ਹੈ ? 10

6. ਹੇਠਾਂ ਦਿੱਤੇ ਪ੍ਰਸ਼ਨਾਂ ਦੇ 50 ਸ਼ਬਦਾਂ ਤੀਕ ਉੱਤਰ ਦਿਉ :

(*i*) ਪਵਿੱਤਰ ਪਾਪੀ ਨਾਵਲ ਅੰਦਰ ਤੁਹਾਨੂੰ ਕਿਹੜਾ ਪਾਤਰ ਚੰਗਾ ਲਗਦਾ ਹੈ ਤੇ ਕਿਉਂ ?

(*ii*) ਸਿਨੇਮਾ ਤੇ ਸਟੇਜ ਵਿਚ ਕੀ ਸੰਬੰਧ ਹੈ ?

(*iii*) "ਉਸਨੇ ਅਪਣੀ ਆਪਣੀ ਆਪਬੀਤੀ ਕਿਵੇਂ ਸੁਣਾਈ," ਪਵਿੱਤਰ ਪਾਪੀ ਵਿਚ ਲੇਖਕ ਨੇ ਇਸ ਭੂਮਿਕਾ ਅੰਦਰ ਕੀ ਕਿਹਾ ਹੈ ?

(*iv*) ਹੇਠਾਂ ਦਿੱਤੇ ਨਿਬੰਧਾਂ ਦੇ ਕਿਸੇ ਇਕ ਲੇਖਕ ਨਾਲ ਜਾਣ-ਪਛਾਣ ਕਰਾਉ :

ਲੋਕਧਾਰਾ ਤੇ ਸਾਹਿਤ, ਮਜ਼ਬ, ਸਿਨਮਾਂ ਤੇ ਸਟੇਜ । 15